# ਸੁਖਵਿੰਦਰ ਅੰਮ੍ਰਿਤ ਜੀਵਨ ਵੇਰਵੇ

**ਸੁਖਵਿੰਦਰ ਅੰਮ੍ਰਿਤ** ਪੰਜਾਬੀ ਕਵਿਤਰੀ ਖਾਸਕਰ ਗ਼ਜ਼ਲਗੋ ਹੈ। ਆਧੁਨਿਕ ਬੋਧ ਦੀ ਪੰਜਾਬੀ ਗ਼ਜ਼ਲ ਸਿਰਜਣ ਵਿਚ ਸੁਖਵਿੰਦਰ ਅੰਮ੍ਰਿਤ ਇਕ ਚਰਚਿਤ ਨਾਂ ਹੈ।

# ਸੁਖਵਿੰਦਰ ਅੰਮ੍ਰਿਤ



- ਸੁਖਵਿੰਦਰ ਦਾ ਜਨਮ ਪਿੰਡ ਸਦਰਪੁਰਾ ਵਿਖੇ ਹੋਇਆ। ਸੁਖਵਿੰਦਰ ਆਪਣੇ ਘਰ ਦੀ ਜੇਠੀ ਧੀ ਹੈ। ਇਕ ਭਰਾ ਤੇ ਚਾਰ ਭੈਣਾਂ ਦੀ ਸਭ ਤੋਂ ਵੱਡੀ ਭੈਣ। ਜਿਵੇਂ ਚਸ਼ਮੇ ਦੇ ਪਾਣੀ ਤੋਂ ਕੋਈ ਉਸਦੀ ਪਥਰੀਲੀ ਜਨਮ ਭੂਮੀ ਦਾ ਅੰਦਾਜ਼ਾ ਨਹੀਂ ਲਗਾ ਸਕਦਾ ਉਸੇ ਤਰ੍ਹਾਂ ਸੁਖਵਿੰਦਰ ਅੰਮ੍ਰਿਤ ਦੇ ਚਿਹਰੇ ਤੋਂ ਉਸ ਦੇ ਕਠੋਰ ਬਚਪਨ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਇਸ ਬਚਪਨ ਅਤੇ ਇਸ ਘਰ ਵਿਚ ਕਵਿਤਾ ਦੇ ਆਉਣ ਲਈ ਕਿਹੜਾ ਦੁਆਰ ਸੀ ਇਹ ਸੋਚ ਕੇ ਹੈਰਾਨੀ ਹੁੰਦੀ ਹੈ। ਇਕ ਦਿਨ ਉਹਦੇ ਗੀਤਾਂ ਦੀ ਕਾਪੀ ਮਾਂ ਦੇ ਹੱਥ ਆ ਗਈ ਤਾਂ ਮਾਂ ਪਹਿਲਾਂ ਡਰੀ ਫਿਰ ਅੱਗ ਵਾਂਗ ਤਪ ਗਈ, ਗੀਤਾਂ ਵਾਲੀ ਕਾਪੀ ਬਲਦੇ ਚੁੱਲ੍ਹੇ ਵਿਚ ਡਾਹ ਦਿੱਤੀ ਤੇ ਸੁਖਵਿੰਦਰ ਦੇ ਪਿੰਡੇ ਤੇ ਕੁੱਟ ਕੁੱਟ ਕੇ ਲਾਸਾਂ ਪਾ ਦਿੱਤੀਆਂ ਤੇ ਕਹਿਣ ਲੱਗੀ : ਤੂੰ ਸ਼ੁਕਰ ਕਰ ਕਾਪੀ ਤੇਰੇ ਪਿਓ ਦੇ ਹੱਥ ਨਹੀਂ ਆਈ, ਉਹਨੇ ਤਾਂ ਤੇਰੇ ਡੱਕਰੇ ਕਰ ਕੇ ਤੈਨੂੰ ਤੂੜੀ ਵਾਲੇ ਕੋਠੇ ਅੰਦਰ ਦੱਬ ਦੇਣਾ ਸੀ। ਸੁਖਵਿੰਦਰ ਕੋਲ਼ ਆਪਣੇ ਬੋਲਾਂ ਨੂੰ ਲੁਕੋਣ ਲਈ ਆਪਣੇ ਸੀਨੇ ਤੋਂ ਬਿਨਾਂ ਕੋਈ ਥਾਂ ਨਹੀਂ ਸੀ।

- ਇਨ੍ਹਾਂ ਦਿਨਾਂ ਦਾ ਕੁਝ ਸੇਕ ਸੁਖਵਿੰਦਰ ਦੀਆਂ ਦੋ ਕਵਿਤਾਵਾਂ ' ਹੁਣ ਮਾਂ ' ਅਤੇ ' ਉਹ ਪੁਰਸ਼ ' ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਉਂਜ ਉਹ ਸੇਕ ਇਨ੍ਹਾਂ ਕਵਿਤਾਵਾਂ ਵਿਚ ਸਮੋਏ ਜਾਣ ਤੋਂ ਵੀ ਜ਼ਿਆਦਾ ਹੈ। ਇਹ ਸੁਖਵਿੰਦਰ ਦੀ ਸ਼ਿੱਦਤ ਤੇ ਸ਼ੌਕ ਦਾ ਹੀ ਕਮਾਲ ਹੈ ਕਿ ਉਸ ਨੇ ਝੱਖੜਾਂ ਵਿਚ ਵੀ ਆਪਣੇ ਮੱਥੇ ਦੀ ਜੋਤ ਨੂੰ ਬੁਝਣ ਨਾ ਦਿੱਤਾ। ਸ਼ਾਇਦ ਇਹ ਮੱਥੇ ਦੀ ਜੋਤ ਦਾ ਹੀ ਕਮਾਲ ਹੈ ਕਿ ਏਨੇ ਝੱਖੜ ਵੀ ਬੁੱਝਾ ਨਾ ਸਕੇ।ਪੰਜ ਧੀਆਂ ਦਾ ਭਾਰ ਉਤਾਰਨ ਦੀ ਕਾਹਲੀ ਵਿਚ ਮਾਪਿਆਂ ਨੇ 17 ਸਾਲਾਂ ਦੀ ਉਮਰ ਵਿਚ ਸੁਖਵਿੰਦਰ ਦਾ ਵਿਆਹ ਕਰ ਦਿੱਤਾ। ਘਰ ਦਿਆਂ ਨੂੰ ਕਬੀਲਦਾਰੀ ਕਿਉਂਟਣ ਦੀ ਕਾਹਲੀ ਸੀ। ਉਹ ਸੋਚਦੀ ਸੀ ਸਹੁਰਿਆਂ ਦਾ ਘਰ ਪੇਕਿਆਂ ਜਿੰਨਾ ਕਠੋਰ ਨਹੀਂ ਹੋਵੇਗਾ। ਉਹ ਚਾਈਂ ਚਾਈਂ ਸਹੁਰੇ ਘਰ ਆਈ ਤਾਂ ਉਹਨੇ ਦੇਖਿਆ ਏਥੇ ਵੀ ਓਹੀ ਚੁੱਲ੍ਹਾ ਬਲ ਰਿਹਾ ਸੀ, ਗੀਤਾਂ ਵਾਲੀ ਕਾਪੀ ਸਾੜਣ ਵਾਲਾ ਚੁੱਲ੍ਹਾ। ਪਰ ਹੌਲੀ ਹੌਲੀ ਉਹਨੇ ਅਮਰਜੀਤ,ਆਪਣੇ ਜੀਵਨ-ਸਾਥੀ ਨੂੰ ਆਪਣੇ ਪਿਆਰ ਤੇ ਸਿਆਣਪ ਨਾਲ ਜਿੱਤ ਲਿਆ।ਉਹਨੇ ਉਹਨੂੰ ਕਾਪੀ ਤੇ ਪੈੱਨ ਲਿਆ ਦਿੱਤਾ। ਉਹ ਦੁਬਾਰਾ ਪੜ੍ਹਨ ਲੱਗ ਪਈ,ਵਿਆਹ ਵੇਲੇ ਉਹ ਨੌਵੀ ਪਾਸ ਸੀ,ਉਹਨੇ ਹੌਲੀ ਹੌਲੀ ਮੈਟ੍ਰਿਕ,ਬੀ.ਏ., ਐਮ.ਏ. ਕੀਤੀ ਤੇ ਹੁਣ ਉਹ ਕਿੰਨੀਆਂ ਕਿਤਾਬਾਂ ਦੀ ਸਿਰਜਕ ਹੈ। ਚੁੱਲ੍ਹੇ ਵਿਚ ਬਲਣ ਵਾਲੀ ਉਹਦੀ ਕਵਿਤਾ ਹੁਣ ਹਜ਼ਾਰ ਰੰਗਾਂ ਦੀ ਲਾਟ ਬਣ ਗਈ ਹੈ, ਪੁੰਨਿਆਂ ਬਣ ਗਈ ਹੈ। ਇਸ ਲਾਟ ਦੇ ਰੰਗ ਏਨੇ ਸੁਹਣੇ ਤੇ ਏਨੀ ਸ਼ਿੱਦਤ ਭਰੇ ਨੇ ਹੁੰਦੇ ਜੇ ਉਸਦੀ ਕਵਿਤਾ ਨੂੰ ਚੁੱਲ੍ਹੇ ਵਿਚ ਨਾ ਮੱਚਣਾ ਪੈਂਦਾ।

- ਸੁਖਵਿੰਦਰ ਅੰਮ੍ਰਿਤ ਨੇ ਪੰਜਾਬੀ ਕਵਿਤਾ ਨੂੰ ਅਸਲੋਂ ਸੱਜਰਾ ਤੇ ਨਿਵੇਕਲਾ ਮੁਹਾਵਰਾ ਦੇ ਕੇ ਨਵੀਂ ਬੁਲੰਦੀ 'ਤੇ ਪਹੁੰਚਾਇਆ ਹੈ । ਉਸਦੀ ਗ਼ਜ਼ਲ ਵਿਚਲੇ ਨਾਰੀਪਨ ਨੇ ਪੰਜਾਬੀ ਗ਼ਜ਼ਲ ਨੂੰ ਨਵੀਂ ਨੁਹਾਰ ਅਤੇ ਰੰਗਤ ਨਾਲ ਸਰਸ਼ਾਰ ਕੀਤਾ ਹੈ। ਉਸ ਦੀ ਕਵਿਤਾ ਵਿਚ ਲੋਕ-ਗੀਤਾਂ ਵਰਗਾ ਗਹਿਰਾ ਅਨੁਭਵ ਤੇ ਵੇਗ ਹੈ। ਨਵੀਂ ਪੀੜ੍ਹੀ ਦੀ ਇਹ ਸਿਰਮੌਰ ਸ਼ਾਇਰਾ ਪੰਜਾਬੀ ਕਵਿਤਾ 'ਚ ਨਵੇਂ ਬਿੰਬ ਤੇ ਨਵੇਂ ਸੰਕਲਪ ਲੈ ਕੇ ਆਈ ਹੈ। ਉਹ ਜਿੰਨੀ ਸ਼ਿੱਦਤ ਨਾਲ ਉਚੀਆਂ ਕਦਰਾਂ ਕੀਮਤਾਂ ਨੂੰ ਮੁਹੱਬਤ ਕਰਦੀ ਹੈ , ਓਨੇ ਹੀ ਰੋਹ ਨਾਲ ਅਣ- ਮਨੁੱਖੀ ਵਰਤਾਰਿਆਂ ਨੂੰ ਨਕਾਰਦੀ ਹੈ ।ਸੁਖਵਿੰਦਰ ਅੰਮ੍ਰਿਤ ਨੇ ਹਿੰਦੀ ਦੀ ਸ਼ਾਹਕਾਰ ਕਾਵਿ ਰਚਨਾ " ਕਨੁਪ੍ਰਿਆ " ਦਾ ਪੰਜਾਬੀ ਚ ਕਾਵਿ ਅਨੁਵਾਦ ਪੰਜਾਬੀ ਅਕਾਦਮੀ ਦਿੱਲੀ ਲਈ ਕੀਤਾ । ਉਸ ਦੀਆਂ ਪੁਸਤਕਾਂ ਹਿੰਦੀ ਤੇ ਅੰਗਰੇਜ਼ੀ ਚ ਅਨੁਵਾਦਿਤ ਹੋਈਆ ਹਨ ।

# ਰਚਨਾਵਾਂ

- **ਕਾਵਿ-ਸੰਗ੍ਰਹਿ**
- ''ਕਣੀਆਂ''
- ''ਧੁੱਪ ਦੀ ਚੁੰਨੀ''
- ''ਚਿੜੀਆਂ''
- ''ਧੂੰਆਂ''
- ''ਸਬਕ''
- **ਗ਼ਜ਼ਲ-ਸੰਗ੍ਰਹਿ**
- *ਸੂਰਜ ਦੀ ਦਹਿਲੀਜ਼*
- *ਚਿਰਾਗ਼ਾਂ ਦੀ ਡਾਰ*
- *ਪੱਤਝੜ ਵਿਚ ਪੁੰਗਰਦੇ ਪੱਤੇ*
- *ਹਜ਼ਾਰ ਰੰਗਾਂ ਦੀ ਲਾਟ*
- *ਪੁੰਨਿਆ* (2011)
- *ਕੇਸਰ ਦੇ ਛਿੱਟੇ* (ਸੰਪਾਦਿਤ)

# ਇਨਾਮ ਸਨਮਾਨ

- ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਕਵੀ ਪੁਰਸਕਾਰ ਅਤੇ ਗੁਰਮੁਖ ਸਿੰਘ ਮੁਸਾਫ਼ਰ ਪੁਰਸਕਾਰ
- ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ
- ਦੇਸ਼ਾਂ - ਵਿਦੇਸ਼ਾ ਦੀਆਂ ਅਨੇਕ ਸੰਸਥਾਵਾਂ ਵੱਲੋਂ ਕਈ ਹੋਰ ਸਨਮਾਨ
- ਸੁਖਵਿੰਦਰ ਅੰਮ੍ਰਿਤ ਦੀਆ ਰਚਨਾਵਾਂ ਅਤੇ ਪੁਸਤਕਾਂ ਭਾਰਤੀ ਯੂਨੀਵਰਸਿਟੀਆਂ ਤੇ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਦਾ ਹਿੱਸਾ ਹਨ।

# ਕਾਵਿ-ਨਮੂਨੇ

***

ਬਾਂਵਰੀ ਦੀਵਾਨੀ ਚਾਹੇ ਪਗਲੀ ਕਹੋ
ਬਸ ਮੇਰੇ ਰਾਮਾ ਮੈਨੂੰ ਆਪਣੀ ਕਹੋ
ਜੇ ਹੈ ਮੇਰੇ ਤਨ ਵਿਚ ਰੂਹ ਫੂਕਣੀ
ਹੋਠਾਂ ਸੰਗ ਲਾਵੋ ਨਾਲ਼ੇ ਵੰਝਲ਼ੀ ਕਹੋ
ਆਵਾਂਗੀ ਮੈਂ ਨ੍ਹੇਰਿਆਂ ਦੀ ਹਿੱਕ ਚੀਰ ਕੇ
ਇਕ ਵਾਰ ਤੁਸੀਂ ਮੈਨੂੰ ਰੌਸ਼ਨੀ ਕਹੋ

- ਸਤਾਏਗਾ ਜੇ ਮੇਰੇ ਸ਼ਹਿਰ ਦਾ ਮੌਸਮ ਚਲਾ ਜਾਵੀਂ
  ਤੂੰ ਮੈਥੋਂ ਸੁਰਖ਼ਰੂ ਹੋ ਕੇ ਮੇਰੇ ਗੌਤਮ ਚਲਾ ਜਾਵੀਂ
  ਤੂੰ ਮੇਰੇ ਮਾਰੂਥਲ ’ਚ ਮੇਰੇ ਨਾਲ਼ ਦਸ ਕਦ ਤੀਕ ਠਹਿਰੇਂਗਾ
  ਪੁਕਾਰੇਗੀ ਜਦੋਂ ਕੋਈ ਛਾਂ ਮੇਰੇ ਹਮਦਮ ਚਲਾ ਜਾਵੀਂ
  ਹਵਾ ਹਾਂ ਮੈਂ ਤਾਂ ਹਰ ਥਾਂ ਪਹੁੰਚ ਜਾਵਾਂਗੀ ਤੇਰੇ ਪਿੱਛੇ
  ਤੇਰਾ ਜਿੱਥੇ ਵੀ ਜੀਅ ਚਾਹੇ ਮੇਰੇ ਆਦਮ ਚਲਾ ਜਾਵੀਂ

  ***

- ਨਹੀਂ ਜੇ ਸ਼ੌਂਕ ਮੱਚਣ ਦਾ ਤਾਂ ਅੱਗ ਤੋਂ ਫਾਸਲਾ ਰੱਖੀਂ
  ਨਾ ਬਲਦੇ ਸੂਰਜਾਂ ਦੇ ਨਾਲ਼ ਆਪਣਾ ਰਾਬਤਾ ਰੱਖੀਂ
  ਕਿਤੇ ਨਾ ਅੰਦਰਾਂ ਦੇ ਵਿਚ ਲਹੂ ਦੀ ਬਰਫ ਜੰਮ ਜਾਵੇ
  ਕੋਈ ਕੋਸਾ ਜਿਹਾ ਹਉਕਾ ਤੂੰ ਸੀਨੇ ਨਾਲ਼ ਲਾ ਰੱਖੀਂ

***

ਤਿਣਕਾ ਤਿਣਕਾ ਆਸ਼ੀਆਨਾ ਮੋੜ ਦੇ
ਮੋੜ ਦੇ ਮੇਰਾ ਵੀਰਾਨਾ ਮੋੜ ਦੇ
ਸਾਂਭ ਲੈ ਤੂੰ ਆਪਣੀ ਸੰਜੀਦਗੀ
ਮੈਨੂੰ ਮੇਰਾ ਦਿਲ ਦੀਵਾਨਾ ਮੋੜ ਦੇ
ਸ਼ਾਇਰਾਨਾ, ਆਸ਼ਕਾਨਾ, ਸਾਫ਼ਦਿਲ
ਐ ਖ਼ੁਦਾ! ਉਹੀ ਜ਼ਮਾਨਾ ਮੋੜ ਦੇ

- ਸੁਲਗਦੇ ਸੂਰਜਾਂ ਕੋਲੋਂ ਮੈਂ ਬਚ ਕੇ ਨਿਕਲ ਜਾਵਾਂਗੀ
  ਨਹੀਂ ਮੈਂ ਬੱਰਫ ਦੀ ਟੁਕੜੀ ਕਿ ਪਲ ਵਿਚ ਪਿਘਲ ਜਾਂਵਾਗੀ

  ਲੰਘਦਾ ਸੀ ਰੋਜ਼ ਇਕ ਦਰਿਆ ਦਰਾਂ ਦੇ ਨਾਲ਼ ਦੀ
  ਕਦ ਕੁ ਤੀਕਰ ਦੋਸਤੋ ਉਹ ਪਿਆਸ ਆਪਣੀ ਟਾਲ਼ਦੀ

    -
-
    -

- ਮਾਰੂਥਲ ਤੇ ਰਹਿਮ ਜਦ ਖਾਵੇ ਨਦੀ
  ਸੁਕਦੀ ਸੁਕਦੀ ਆਪ ਸੁੱਕ ਜਾਵੇ ਨਦੀ
  ਗੀਤ ਗਮ ਦਾ ਜਦ ਕਦੇ ਗਾਵੇ ਨਦੀ
  ਹੰਝੂ ਹੰਝੂ ਹੋ ਕੇ ਖਿੰਡ ਜਾਵੇ ਨਦੀ
  ਪਿਆਸ ਤੇਰੀ ਵਿਚ ਹੀ ਜਦ ਸ਼ਿੱਦਤ ਨਹੀਂ
  ਤੇਰੇ ਦਰ ਤੇ ਕਿਸ ਤਰ੍ਹਾਂ ਆਵੇ ਨਦੀ

- ਮੈਂ ਬਣ ਕੇ ਹਰਫ ਇਕ ਦਿਨ ਕਾਗਜ਼ਾਂ ’ਤੇ ਬਿਖਰ ਜਾਵਾਂਗੀ
  ਕਲਮ ਦੀ ਨੋਕ ’ਚੋਂ ਕਵਿਤਾ ਦੇ ਵਾਂਗੂੰ ਉੱਤਰ ਜਾਂਵਾਗੀ
  ਤੇਰੀ ਰੂਹ ਤੱਕ ਨਾ ਪਹੁੰਚੇ ਮੇਰੇ ਕਦਮਾਂ ਦੀ ਆਹਟ ਵੀ
  ਤੇਰੇ ਦਿਲ ਦੀ ਗਲ਼ੀ ’ਚੋਂ ਇਸ ਤਰ੍ਹਾਂ ਗੁਜ਼ਰ ਜਾਵਾਂਗੀ
  ਮੈਂ ਨਾਜ਼ੁਕ ਸ਼ਾਖ ਹਾਂ ਕੋਈ ਹੈ ਗਮ ਦੀ ਗਰਦ ਮੇਰੇ ਤੇ
  ਕਿਸੇ ਬਰਸਾਤ ਵਿਚ ਮੈਂ ਫੇਰ ਇਕ ਦਿਨ ਨਿਖਰ ਜਾਂਵਾਗੀ